**ਦਫ਼ਤਰ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**
ਪੰਜਵੀ ਮੰਜਿਲ,ਈ- ਬਲਾਕ, ਸਿੱਖਿਆ ਭਵਨ, ਫੇਜ਼-8, ਅਜੀਤਗੜ, (ਪੰਜਾਬ) ਫੋਨ ਨੰ: 0172-5212313

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),(ਐ.ਸਿ.)
ਸਮੂਹ ਪ੍ਰਿੰਸੀਪਲ ਸਕੂਲ ਅਤੇ ਮੁੱਖ ਅਧਿਆਪਕ
ਸਮੂਹ ਸਕੂਲ ਮੁੱਖੀ ਸਸਸਸ/ਸਹਸ
ਪੰਜਾਬ।

ਮੀਮੋ ਨੰ: SCERT/SSA/2017/2857
ਮਿਤੀ: 21-11-2017

**ਵਿਸ਼ਾ: ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਵਿਗਿਆਨ, ਗਣਿਤ ਅਤੇ ਸਮਾਜਿਕ ਸਿੱਖਿਆ ਸੰਬੰਧੀ।**

1.0 ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਅਧੀਨ ਚਲ ਰਹੇ ਸਾਇੰਸ, ਗਣਿਤ ਅਤੇ ਸਮਾਜਿਕ ਸਿੱਖਿਆ ਪ੍ਰੋਗ੍ਰਾਮ ਦੀ ਟ੍ਰੇਨਿੰਗ ਉਪਰੰਤ Field ਵਿੱਚ Implement ਕੀਤਾ ਜਾਣਾ ਹੈ। ਮੌਜੂਦਾ ਸਥਿਤੀ ਅਨੁਸਾਰ ਸਾਇੰਸ ਅਤੇ ਗਣਿਤ ਵਿਸ਼ਿਆਂ ਦੀਆਂ Pre-fair ਅਤੇ Fair ਗਤੀਵਿਧੀਆਂ ਸਕੂਲਾਂ ਵਿੱਚ ਚਲ ਰਹੀਆਂ ਹਨ। ਇਸ ਉਪਰੰਤ ਪ੍ਰੋਜੈਕਟ ਦੀ ਰੂਪ-ਰੇਖਾ ਅਨੁਸਾਰ ਅਗਲੇਰੀ ਗਤੀਵਿਧੀਆਂ ਕਰਵਾਈਆਂ ਜਾਣੀਆਂ ਹਨ। ਇਹ ਗਤੀਵਿਧੀਆਂ ਕਰਵਾਉਣ ਲਈ ਹਰ ਵਿਦਿਆਰਥੀ ਲਈ ਵਿਸ਼ੇ ਅਨੁਸਾਰ Content Material ਦੇਣਾ ਬਣਦਾ ਹੈ ਜੋ ਹੇਠ ਅਨੁਸਾਰ ਹੈ:

| **ਵਿਸ਼ਾ** | **Content Material ਦਾ ਨਾਂ** | **ਕੁੱਲ ਪੰਨੇ (ਪ੍ਰਤੀ ਵਿਦਿਆਰਥੀ)** | **ਸਾਫਟ ਕਾਪੀ ਮੁੱਹਇਆ ਕਰਵਾਉਣਗੇਂ** |
|---|---|---|---|
| ਸਾਇੰਸ | ਪ੍ਰੈਕਟੀਸ ਸ਼ੀਟ | 12 | ਡੀ.ਐਮ.(ਸਾਇੰਸ) |
| ਸਾਇੰਸ | ਐਂਡ ਲਾਈਨ | 02 | ਡੀ.ਐਮ. (ਸਾਇੰਸ) |
| ਗਣਿਤ | ਐਂਡ ਲਾਈਨ | 04 | ਡੀ.ਐਮ.(ਗਣਿਤ) |
| ਸਮਾਜਿਕ ਸਿੱਖਿਆ | ਬੇਸ ਲਾਈਨ | 02 | ਡੀ.ਐਮ.(ਸਮਾਜਿਕ ਸਿੱਖਿਆ) |
| **ਕੁੱਲ ਪੰਨੇ** | | **20** | |

2.0 ਉਪਰੋਕਤ ਅਨੁਸਾਰ ਡੀ.ਐਮ. (ਸਾਇੰਸ, ਗਣਿਤ ਅਤੇ ਸਮਾਜਿਕ ਸਿੱਖਿਆ) ਦੁਆਰਾ ਮੁਹੱਈਆ ਕਰਵਾਈ **Content** ਦੀ ਸਾਫਟ ਕਾਪੀ ਆਪ ਦੁਆਰਾ ਪ੍ਰਿੰਟ ਕਰਵਾ ਲਈ ਜਾਵੇ ਜਾਂ Computer ਦੁਆਰਾ ਪ੍ਰਿੰਟ ਕੱਢ ਲਿਆ ਜਾਵੇ, ਇਸ ਲਈ ਆਪ ਜੀ ਲਈ ਕੁੱਲ 20 ਪੰਨਿਆ ਲਈ 14 ਰੁੱਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਰਾਸ਼ੀ ਦਾ ਉਪਬੰਧ ਵੀ ਕਰਵਾਇਆ ਜਾ ਰਿਹਾ ਹੈ। ਇਹ ਰਾਸ਼ੀ ਆਪ ਜੀ ਨੂੰ DEO(SE) ਦੁਆਰਾ ਮੁਹੱਈਆ ਕਰਵਾਈ ਜਾਵੇਗੀ।

3.0 ਆਪ ਜੀ ਦੁਆਰਾ Content Material ਦੀ ਵਰਤੋਂ ਡੀ.ਐਮ/ਬੀ.ਐਮ.(ਸਾਇੰਸ, ਗਣਿਤ ਅਤੇ ਸਮਾਜਿਕ ਸਿੱਖਿਆ/ਅੰਗ੍ਰੇਜ਼ੀ ਦੁਆਰਾ ਮੁਹੱਈਆ ਕਰਵਾਈ ਗਈ ਸਮਾਂ ਸਾਰਣੀ ਅਨੁਸਾਰ ਕੀਤੀ ਜਾਵੇ ਅਤੇ ਉਸ ਦਾ ਰਿਕਾਰਡ ਵੀ ਰੱਖਿਆ ਜਾਵੇ।

4.0 ਪ੍ਰਿੰਸੀਪਲ/ਮੁੱਖ ਅਧਿਆਪਕ ਦੁਆਰਾ ਉਹਨਾਂ ਦੇ ਕੰਪਲੈਕਸ ਅਧੀਨ ਪੈਂਦੇ ਮਿਡਲ ਸਕੂਲਾਂ ਨੂੰ ਵੀ ਪ੍ਰਿੰਟ/ਕੰਪਊਟਰ ਪ੍ਰਿੰਟ (ਵਿਦਿਆਰਥੀਆਂ ਦੀ ਗਿਣਤੀ ਅਨੁਸਾਰ) ਕਢਵਾ ਕੇ ਮੁਹੱਈਆ ਕਰਵਾਉਣਗੇ।

5.0 ਸਰਵ ਸਿੱਖਿਆ ਅਭਿਆਨ ਅਥਾਰਟੀ ਦੁਆਰਾ 14 ਰੁਪਏ ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਨੂੰ ਇਹ ਰਾਸ਼ੀ ਮੁਹੱਈਆ ਕਰਵਾਈ ਜਾ ਰਹੀ ਹੈ ਜੋ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਨੂੰ ਸ਼ਿਫਟ ਕੀਤੀ ਜਾਵੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੁਆਰਾ ਇਹ ਰਾਸ਼ੀ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਨੂੰ ਜਲਦ ਤੋਂ ਜਲਦ transfer ਕੀਤੀ ਜਾਵੇ ਅਤੇ ਇਸ ਦੇ UC ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੁਆਰਾ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ.) ਨੂੰ ਭੇਜਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**

ਪਿੱਠ ਅੰਕਣ ਨੰ: ਉਕਤ ਮਿਤੀ: 21-11-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਸਮੂਹ ਪ੍ਰਿੰਸੀਪਲ ਡਾਇਟ।
2. ਸਮੂਹ ਜ਼ਿਲ੍ਹਾ ਮੈਂਟਰਜ਼ (ਸਾਇੰਸ, ਗਣਿਤ ਅਤੇ ਸਮਾਜਿਕ ਸਿੱਖਿਆ)।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ**